ਈ.ਮੇਲ

ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ-ਕਮ- ਫਸਟ ਐਪੀਲੈਟ ਅਥਾਰਟੀ,
ਐਸ..ਸੀ.ਓ. ਨੰਬਰ 177-178, ਸੈਕਟਰ-17ਸੀ, ਚੰਡੀਗੜ੍ਹ।

ਵੱਲ

ਪਬਲਿਕ ਇੰਨਫਰਮੇਸ਼ਨ ਅਫਸਰ
-ਕਮ- ਜ਼ਿਲ੍ਹਾ ਟਰਾਂਸਪੋਰਟ ਅਫਸਰ,
ਫਿਰੋਜ਼ਪੁਰ।

ਨੰਬਰ ਵਸਟਕ/ਅਪੀਲ ਨੰਬਰ 102 ਆਫ 2016/34045
ਮਿਤੀ 13-7-16

ਵਿਸ਼ਾ:- ਆਰ.ਟੀ.ਆਈ.ਐਕਟ 2005 ਅਧੀਨ ਅਪੀਲ ਦੀ ਸੁਣਵਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰਬਰ ਵਸਟਕ/ਅਪੀਲ ਨੰਬਰ 102 ਆਫ 2016/31577 ਮਿਤੀ 27-6-16 ਦੇ ਸਬੰਧ ਵਿੱਚ।

2. ਆਪ ਜੀ ਨੂੰ ਸ਼੍ਰੀ ਵਿੱਕੀ ਬਜਾਜ ਪੁੱਤਰ ਸ਼੍ਰੀ ਕੇ.ਐਲ. ਬਜਾਜ, ਵਾਸੀ 51, ਵਿਕਾਸ ਵਿਹਾਰ, ਫੇਸ-1,ਫਿਰਜ਼ੋਪੁਰ ਸ਼ਹਿਰ -152001 ਮੋਬਾਈਲ 95631-00631 ਦੀ ਪ੍ਰਤੀਬੇਨਤੀ ਮਿਤੀ 20-06-2016 ਭੇਜ ਕੇ ਬੇਨਤੀ ਕੀਤੀ ਗਈ ਸੀ ਕਿ ਇਸ ਕੇਸ ਨਾਲ ਸਬੰਧਤ ਰਿਕਾਰਡ ਸਮੇਤ ਮਿਤੀ 8-7-2016 ਨੂੰ 11.00 ਵਜੇ ਨਿਮਨਹਸਤਾਖਰ ਦੇ ਕਮਰੇ ਵਿੱਚ ਸੂਚਨਾ ਸਮੇਤ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਕੇਸ ਦਾ ਨਿਪਟਾਰਾ ਕੀਤਾ ਜਾ ਸਕੇ।

3. ਪ੍ਰੰਤੂ ਨਾਂ ਤਾਂ ਆਪ ਹਾਜ਼ਰ ਆਏ ਅਤੇ ਨਾ ਹੀ ਕੋਈ ਸੂਚਨਾ ਭੇਜੀ ਗਈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਆਰ.ਟੀ.ਆਈ ਐਕਟ2005 ਤਹਿਤ ਇੱਕ ਹਫਤੇ ਦੇ ਅੰਦਰ ਅੰਦਰ ਮੁਹੱਈਆ ਕਰਵਾਈ ਜਾਵੇ ਸਕੇ।

13-7-16
ਫਸਟ ਐਪੀਲੈਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

ਰਜਿਸਟਰਡ
ਪਿੱਠ ਅੰਕਣ ਨੰ: ਸਟਕ/ ਵਸਟਕ/ਅਪੀਲ ਨੰ: 102 ਆਫ 2016/ 34046 ਮਿਤੀ: 13-7-16

ਉਤਾਰਾ ਸ਼੍ਰੀ ਵਿੱਕੀ ਬਜਾਜ ਪੁੱਤਰ ਸ਼੍ਰੀ ਕੇ.ਐਲ. ਬਜਾਜ, ਵਾਸੀ 51, ਵਿਕਾਸ ਵਿਹਾਰ, ਫੇਸ-1,ਫਿਰਜ਼ੋਪੁਰ ਸ਼ਹਿਰ -152001 ਮੋਬਾਈਲ 95631-00631 ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

13-7-16
ਫਸਟ ਐਪੀਲੈਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ

ਈ.ਮੇਲ

ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ-ਕਮ- ਫਸਟ ਐਪੀਲੈਟ ਅਥਾਰਟੀ,
ਐਸ.ਸੀ.ਓ. ਨੰਬਰ 177-178, ਸੈਕਟਰ-17ਸੀ, ਚੰਡੀਗੜ੍ਹ।

ਵੱਲ

ਪਬਲਿਕ ਇੰਨਫਰਮੇਸ਼ਨ ਅਫਸਰ
-ਕਮ- ਜ਼ਿਲ੍ਹਾ ਟਰਾਂਸਪੋਰਟ ਅਫਸਰ,
ਫਿਰੋਜ਼ਪੁਰ।

ਨੰਬਰ ਵਸਟਕ/ਅਪੀਲ ਨੰਬਰ 102 ਆਫ 2016/ 31577
ਮਿਤੀ 27-6-16

ਵਿਸ਼ਾ:- ਆਰ.ਟੀ.ਆਈ.ਐਕਟ 2005 ਅਧੀਨ ਅਪੀਲ ਦੀ ਸੁਣਵਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਆਪ ਜੀ ਨੂੰ ਸ਼੍ਰੀ ਵਿੱਕੀ ਬਜਾਜ ਪੁੱਤਰ ਸ਼੍ਰੀ ਕੇ.ਐਲ. ਬਜਾਜ, ਵਾਸੀ 51, ਵਿਕਾਸ ਵਿਹਾਰ, ਫੇਸ-1,ਫਿਰਜ਼ੋਪੁਰ ਸ਼ਹਿਰ -152001 ਮੋਬਾਈਲ 95631-00631 ਦੀ ਪ੍ਰਤੀਬੇਨਤੀ ਮਿਤੀ 20-06-2016 (ਕਾਪੀ ਨੱਥੀ)ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕੇਸ ਨਾਲ ਸਬੰਧਤ ਰਿਕਾਰਡ ਸਮੇਤ ਮਿਤੀ 8-7-2016 ਨੂੰ 11.00 ਵਜੇ ਨਿਮਨਹਸਤਾਖਰ ਦੇ ਕਮਰੇ ਵਿੱਚ ਸੂਚਨਾ ਸਮੇਤ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਕੇਸ ਦਾ ਨਿਪਟਾਰਾ ਕੀਤਾ ਜਾ ਸਕੇ।

ਫਸਟ ਐਪੀਲੈਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

ਪਿੱਠ ਅੰਕਣ ਨੰ: ਸਟਕ/ ਵਸਟਕ/ਅਪੀਲ ਨੰ: 102 ਆਫ 2016/ 31578 ਮਿਤੀ: 27-6-16

ਉਤਾਰਾ ਸ਼੍ਰੀ ਵਿੱਕੀ ਬਜਾਜ ਪੁੱਤਰ ਸ਼੍ਰੀ ਕੇ.ਐਲ. ਬਜਾਜ, ਵਾਸੀ 51, ਵਿਕਾਸ ਵਿਹਾਰ, ਫੇਸ-1,ਫਿਰਜ਼ੋਪੁਰ ਸ਼ਹਿਰ -152001 ਮੋਬਾਈਲ 95631-00631 ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਫਸਟ ਐਪੀਲੈਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ

ਸੇਵਾ ਵਿਖੇ,

ਮਾਨਯੋਗ ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ-ਕਮ-
ਫਸਟ ਐਪੀਲੇਟ ਅਥਾਰਟੀ,
ਐਸ.ਸੀ.ਓ.177-178, ਸੈਕਟਰ 17ਸੀ,
ਚੰਡੀਗੜ੍ਹ ।

ਵਿਸ਼ਾ:-- ਪਹਿਲੀ ਅਪੀਲ ਬਾਬਤ ਸੂਚਨਾਂ ਸਬੰਧੀ ਅਧਿਕਾਰ ਕਾਨੂੰਨ-2005 ਤਹਿਤ ਲੋਕ ਸੂਚਨਾਂ ਅਧਿਕਾਰੀ-ਕਮ ਜਿਲ੍ਹਾ ਟਰਾਂਸਪੋਰਟ ਅਫਸਰ, ਫਿਰੋਜਪੁਰ-152001 ਵੱਲੋਂ ਮੰਗੀ ਗਈ ਸੂਚਨਾਂ ਨਾਂ ਦੇਣ ਕਰਕੇ ਕਿਏ ਜਾਣੇ ਕਾਰਵਾਈ ਵਾ ਦਿਲਾਏ ਜਾਣੇ ਸਬੰਧਤ ਸੂਚਨਾਂ ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਸੂਚਨਾਂ ਸਬੰਧੀ ਅਧਿਕਾਰ ਕਾਨੂੰਨ-2005 ਤਹਿਤ ਫਾਰਮ-ਏ ਮਹਿ ਦਰਖਾਸਤ ਫੀਸ ਇੰਡੀਅਨ ਪੋਸਟਲ ਆਰਡਰ ਰੁ:10/- ਦੇ ਲਗਾ ਕੇ ਦਰਖਾਸਤ ਮਿਤੀ 22-02-2016 ਨੂੰ ਲੋਕ ਸੂਚਨਾਂ ਅਧਿਕਾਰੀ-ਕਮ ਜਿਲ੍ਹਾ ਟਰਾਂਸਪੋਰਟ ਅਫਸਰ, ਫਿਰੋਜਪੁਰ-152001 ਨੂੰ ਰਜਿਸਟਰਡ ਡਾਕ ਰਾਹੀਂ ਸੂਚਨਾਂ ਬਾਬਤ ਡੀ.ਟੀ.ਓ. ਦਫਤਰ ਫਿਰੋਜਪੁਰ ਵਿੱਚ ਸਰਕਾਰੀ ਡਿਊਟੀ ਪਰ ਕੰਮ ਕਰ ਰਹੇ ਕਰਮਚਾਰੀਆਂ ਅਤੇ ਡਰਾਈਵਿੰਗ ਲਾਇਸੰਸਾਂ ਦੀਆਂ ਸਰਕਾਰੀ ਫੀਸਾਂ ਆਦਿ ਦੇ ਸਬੰਧ ਵਿੱਚ ਮਿਤੀ 01-04-2012 ਤੋਂ ਮਿਤੀ 22-4-2016 ਤੱਕ ਦੇ ਸਮੇਂ ਦੀ 7 ਨੁਕਤਿਆਂ ਤਹਿਤ ਤਸਦੀਕਸੁਦਾ ਸੂਚਨਾਂ ਮੰਗੀ ਸੀ, ਜਿਸ ਦੀਆਂ ਫੋਟੋ ਸਟੇਟ ਕਾਪੀਆਂ ਨਾਲ ਸ਼ਾਮਲ ਹਨ ।

ਇਹ ਕਿ ਪਬਲਿਕ ਇੰਨਫਰਮੇਸ਼ਨ ਅਫਸਰ-ਕਮ-ਜਿਲ੍ਹਾ ਟਰਾਂਸਪੋਰਟ ਅਫਸਰ, ਫਿਰੋਜਪੁਰ-152001 ਨੇ ਆਪਣੇ ਪੱਤਰ ਨੰ: ਡੀ.ਟੀ.ਓ./ਫਿਰੋਜਪੁਰ/456, ਮਿਤੀ 20-05-2016 ਰਾਹੀਂ ਨੁਕਤਾ ਨੰਬਰ 1 ਵਿੱਚ ਜੋ ਹੁਕਮਾਂ ਦੀ ਫੋਟੋ ਕਾਪੀ ਪ੍ਰਦਾਨ ਕਰਨ ਬਾਰੇ ਲਿਖਿਆ ਹੈ, ਉਹ ਨਹੀਂ ਭੇਜੀ ਹੈ। ਨੁਕਤਾ ਨੰਬਰ 2 ਤੇ 5 ਅਨੁਸਾਰ ਮੈਂ ਲਿਸਟ ਤਸਦੀਕਸੁਦਾ ਮੰਗੀ ਹੈ, ਨਾਂ ਕਿ ਕਿਸੇ ਦਸਤਾਵੇਜ ਦੀ ਫੋਟੋ ਕਾਪੀ । ਨੁਕਤਾ ਨੰਬਰ 4 ਵਿੱਚ ਮੈਨੂੰ(ਵਿੱਕੀ ਬਜਾਜ) ਨਾਮ ਦਾ ਪ੍ਰਾਈਵੇਟ ਵਿਅਕਤੀ ਕੰਮ ਕਰਨ ਬਾਰੇ ਗਲਤ ਤੇ ਕੁਰਾਹੇ ਪਾਉਣ ਵਾਲੀ ਸੂਚਨਾ ਨੁਕਤਾ ਨੰਬਰ 3 ਲਿੱਖ ਕੇ ਗਲਤ ਭੇਜੀ ਹੈ । ਨੁਕਤਾ ਨੰਬਰ 3 ਦੀ ਕੋਈ ਸੂਚਨਾਂ ਨਹੀਂ ਦਿੱਤੀ ਗਈ ਜੋ ਕਿ ਨੁਕਤਾ ਨੰਬਰ 4 ਦੀ ਸੂਚਨਾਂ ਨੁਕਤਾ ਨੰਬਰ 3 ਲਿੱਖ ਕੇ ਗਲਤ ਦਿੱਤੀ ਹੈ । ਨੁਕਤਾ ਨੰਬਰ 7 ਸਟੇਟ ਟਰਾਂਸਪੋਰਟ ਕਮਿਸ਼ਨਰ ਦੇ ਪੱਤਰ ਦੀ ਫੋਟੋ ਕਾਪੀ ਬਿਨ੍ਹਾਂ ਤਸਦੀਕਸੁਦਾਂ ਦਿੱਤੀ ਹੈ, ਜੋ ਕਿ ਮੈਨੂੰ ਮੇਰੇ ਵੱਲੋਂ ਮੰਗੀ ਗਈ ਸੂਚਨਾਂ ਅਧੂਰੀ ਅਤੇ ਕੁਰਾਹੇ ਪਾਉਣ ਵਾਲੀ ਭੇਜੀ ਹੈ । ਇਸ ਲਈ ਹੁਣ ਤੱਕ ਮੈਨੂੰ ਕੁਰਾਹੇ ਪਾ ਕੇ ਖੱਜਲ ਖੁਆਰ ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ ।

ਕਿਰਪਾ ਕਰਕੇ ਮੇਰੀ ਇਹ ਪਹਿਲੀ ਅਪੀਲ ਮੰਨਜੂਰ ਕਰਕੇ ਲੋਕ ਸੂਚਨਾਂ ਅਧਿਕਾਰੀ-ਕਮ-ਜਿਲ੍ਹਾ ਟਰਾਂਸਪੋਰਟ ਅਫਸਰ ਫਿਰੋਜਪੁਰ-152001 ਦੇ ਬਰਖਿਲਾਫ ਆਰ.ਟੀ.ਆਈ.ਐਕਟ 2005 ਤਹਿਤ ਬਣਦੀ ਕਾਨੂੰਨੀ ਕਾਰਵਾਈ ਕਰਕੇ ਜੁਰਮਾਨਾਂ ਪਾਇਆ ਜਾਵੇ ਤੇ ਫਾਰਮ-ਏ ਤਹਿਤ ਮੰਗੀ ਗਈ 7 ਨੁਕਤਿਆਂ ਸਬੰਧੀ ਮੁਕੰਮਲ ਸੂਚਨਾਂ ਮੈਨੂੰ ਜਲਦ ਮੁਹੱਈਆ ਕਰਵਾਈ ਜਾਵੇ ਜੀ ।

ਅਪੀਲ ਕਰਤਾ...

ਮਿਤੀ: ...-6-2016

अधपन्ना COUNTERFOIL

इसे फाड़कर प्रेषक अपने पास रख ले।
To be detached and kept by the Sender.

पोस्टल आर्डर
₹ 10
POSTAL ORDER

किसे अदा करना
To whom payable D.T.O Ferozpur.

किस डाकघर में
At what Office Ferozpur

क्या इसे क्रास किया है
Whether crossed yes

भेजने की तारीख
Date sent 27/4/16

31F 357941

बीमा नहीं NOT INSURED

लगाये गये डाक टिकटों का मूल्य
Amount of Stamp affixed

| रु Rs. | पै. P. |
|---|---|
| 25 | 23 |

एक रजिस्ट्री RP521063557IN प्राप्त किया
Received a Registered District Transport Office
पाने वाले का नाम
Addressed to Ferozepur

पाने वाले अधिकारी के हस्ताक्षर
Signature of Receiving Officer

क्रमांक
No. 16 3317

तारीख मोहर
Date Stamp

# RIGHT TO INFC

532 PUNJAB GOVT.GA:

(ASVIN

FORM

he Public Information Officer/
istrict Transport Officer.
erozepur.

name of the applicant: ਵਿੱਕੀ ਬਜਾਜ ਪੁੱਤਰ ਸ੍ਰੀ ਕੇ.ਐਲ.ਬਜਾਜ

ress: 51, ਵਿਕਾਸ ਵਿਹਾਰ, ਫੇਸ-1, ਫਿਰੋਜਪੁਰ ਸ਼ਹਿਰ-152002.

iculars of information required-

ubject matter of information: ਸੂਚਨਾਂ ਬਾਬਤ ਡੀ.ਟੀ.ਓ. ਦਫਤਰ ਫਿਰੋਜਪੁਰ ਵਿੱਚ ਸਰਕਾਰੀ ਡਿਊਟੀ ਪਰ ਕੰਮ ਕਰ ਰਹੇ ਕਰਮਚਾਰੀਆਂ ਅਤੇ ਡਰਾਈਵਿੰਗ ਲਾਇਸੰਸਾਂ ਦੀਆਂ ਸਰਕਾਰੀ ਫੀਸਾਂ ਆਦਿ ਦੇ ਸਬੰਧ ਵਿੱਚ ।

(ii) The period to which the Information relates: ਮਿਤੀ 01-04-2012 ਤੋਂ ਮਿਤੀ 22-04-2016 ਤੱਕ ।

(iii) Description of the Information required: ਉਕਤ ਪੈਰਾ (3)(i)(ii)ਅਨੁਸਾਰ

1) ਸ੍ਰੀ ਗੁਰਪ੍ਰੀਤ ਸਿੰਘ ਅਤੇ ਸ੍ਰੀ ਸ਼ਿਵ ਕੁਮਾਰ ਕਰਮਚਾਰੀ ਜੋ ਡਰਾਈਵਿੰਗ ਲਾਇਸੰਸ ਲਰਨਰ ਅਤੇ ਪੱਕਿਆਂ ਤੇ ਬਾਈਨੇਮ ਡੀ.ਟੀ.ਓ. ਸਾਹਿਬ ਫਿਰੋਜਪੁਰ ਦੀ ਮੁਹਰ ਲਗਾਉਂਦੇ ਹਨ. ਇਹਨਾਂ ਦੋਵੇਂ ਕਰਮਚਾਰੀਆਂ ਦੀ ਇਸ ਦਫਤਰ ਵਿੱਚ ਤਾਇਨਾਤੀ ਦੇ ਹੁਕਮਾਂ ਦੀ ਅਤੇ ਇਹਨਾਂ ਦੇ ਇਸ ਦਫਤਰ ਵਿੱਚ ਰੈਗੂਲਰ ਕੀਤੇ ਹੁਕਮਾਂ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ ।

2) ਰਜਿਸਟਰੇਸ਼ਨ ਨੰਬਰ ਪੀ.ਸੀ.ਕਿਊ. 1 ਤੋਂ ਲੈ ਕੇ 99 ਤੱਕ ਜੋ ਰਜਿਸਟਰੇਸ਼ਨ ਨੰਬਰ ਨਵੇਂ ਵਿਹੀਕਲਾਂ ਨੂੰ ਰਿਟੇਨ ਕੀਤੇ ਗਏ ਹਨ, ਉਸ ਸਬੰਧੀ ਜਿੰਨੀਆਂ ਐਨ.ਓ.ਸੀਆਂ. ਆਪ ਦੇ ਦਫਤਰ ਵੱਲੋਂ ਜਾਰੀ ਹੋਈਆਂ ਹਨ, ਉਹਨਾਂ ਦੀ ਲਿਸਟ ਤਸਦੀਕਸ਼ੁਦਾ ਦਿੱਤੀ ਜਾਵੇ ।

3) ਪੰਜਾਬ ਸਰਕਾਰ ਜਾਂ ਟਰਾਂਸਪੋਰਟ ਵਿਭਾਗ ਪੰਜਾਬ ਵੱਲੋਂ ਜੋ ਡੀ.ਟੀ.ਓ. ਫਿਰੋਜਪੁਰ ਦੀ ਸਰਕਾਰੀ ਗੱਡੀ ਪ੍ਰਾਈਵੇਟ ਡਰਾਈਵਰ ਚਲਾ ਸਕਦਾ ਹੈ, ਉਸ ਸਬੰਧੀ ਸਰਕਾਰ ਜਾਂ ਟਰਾਂਸਪੋਰਟ ਵਿਭਾਗ ਪੰਜਾਬ ਵੱਲੋਂ ਜਾਰੀ ਹੁਕਮਾਂ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ ।

4) ਡੀ.ਟੀ.ਓ. ਦਫਤਰ ਫਿਰੋਜਪੁਰ ਵਿੱਚ ਜੋ ਪ੍ਰਾਈਵੇਟ ਲੜਕੇ ਕੰਮ ਕਰ ਰਹੇ ਹਨ, ਉਹਨਾਂ ਲੜਕਿਆਂ ਦੇ ਨਾਮ, ਪਤਾ ਬਾਰੇ ਤਸਦੀਕਸ਼ੁਦਾ ਲਿਸਟ ਦਿੱਤੀ ਜਾਵੇ ।

5) ਮਿਤੀ 1-1-2015 ਤੋਂ ਮਿਤੀ 22-4-2016 ਤੱਕ ਫਿਰੋਜਪੁਰ ਜਿਲ੍ਹੇ ਵਿੱਚ ਦੂਸਰੀਆਂ ਸਟੇਟਾਂ ਤੋਂ ਰਜਿਸਟਰੇਸ਼ਨ ਹੋਏ ਵਿਹੀਕਲ ਜੋ ਕਿ ਸਕੂਲ ਤੇ ਕਾਲਜਾਂ ਦੇ ਬੱਚੇ ਘਰ ਤੋਂ ਸਕੂਲ, ਕਾਲਜ ਤੇ ਵਾਪਸ ਘਰ ਲੈ ਕੇ ਜਾਂਦੀਆਂ ਹਨ, ਇਹਨਾਂ ਵਿਹੀਕਲਾਂ ਦੇ ਜੋ ਚਲਾਨ ਡੀ.ਟੀ.ਓ. ਫਿਰੋਜਪੁਰ ਵੱਲੋਂ ਕੀਤੇ ਗਏ ਹਨ, ਉਹਨਾਂ ਦੀ ਲਿਸਟ ਅਤੇ ਜੁਰਮਾਨੇਂ ਸਬੰਧੀ ਰਸੀਦਾਂ ਦੀ ਲਿਸਟ ਤਸਦੀਕਸ਼ੁਦਾ ਦਿੱਤੀ ਜਾਵੇ ।

6) ਡਰਾਈਵਿੰਗ ਲਾਇਸੰਸ ਲਰਨਰ, ਪੱਕੇ ਅਤੇ ਰਿਨਿਊਲ ਦੀਆਂ ਜੋ ਸਰਕਾਰੀ ਫੀਸਾਂ, ਸਕੈਨਿੰਗ ਤੇ ਸੋਸਾਇਟੀ ਫੀਸਾਂ ਦਫਤਰ ਡੀ.ਟੀ.ਓ. ਫਿਰੋਜਪੁਰ ਵਿੱਚ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ, ਇਹ ਫੀਸਾਂ ਸਰਕਾਰ ਦੀ ਜਿਸ ਸੋਸਾਇਟੀ ਰਾਹੀਂ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ, ਉਸ ਸੋਸਾਇਟੀ ਦਾ ਨਾਮ, ਪਤਾ ਬਾਰੇ ਸੂਚਨਾਂ ਦਿੱਤੀ ਜਾਵੇ ਤੇ ਆਪ ਦੇ ਦਫਤਰ ਵਿੱਚ ਇਸ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ ।

7) ਆਪ ਦੇ ਦਫਤਰ ਦੇ ਅਧੀਨ ਜੋ ਡਰਾਈਵਿੰਗ ਲਾਇਸੰਸ ਜਾਰੀ ਕਰਨ ਲਈ ਡਰਾਈਵਿੰਗ ਸਕੂਲ ਨਵਾਂ ਖੋਲ੍ਹਿਆ ਗਿਆ ਹੈ, ਇਸ ਸਬੰਧੀ ਜੋ ਕਰਮਚਾਰੀ/ਅਧਿਕਾਰੀ ਟੈਸਟ ਲੈ ਸਕਦਾ ਹੈ ਅਤੇ ਡਰਾਈਵਿੰਗ ਟੈਸਟ ਲੈਣ ਜਿੰਨੇਂ ਸਮੇਂ ਅੰਦਰ ਡਰਾਈਵਿੰਗ ਲਾਇਸੰਸ ਜਾਰੀ ਕੀਤਾ ਜਾਵੇਗਾ, ਉਸ ਸਬੰਧੀ ਸਰਕਾਰ ਵੱਲੋਂ ਜਾਰੀ ਰੂਲ/ਹੁਕਮ/ਹਦਾਇਤਾਂ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ ।

(iv) Whether information is required by post or in person ("the actual postal charges shall be included in additional fees). ਡਾਕ ਰਾਹੀਂ (ਇੰਡੀਅਨ ਪੋਸਟਲ ਆਰਡਰ ਰੁ: 10/- ਦਰਖਾਸਤ ਫੀਸ ਨਾਲ ਲਫ ਹੈ)
IPO No. 31F 357941.

(v) In case by post(Ordinary, Registered or Speed Post). Registered Post.

Place:Ferozepur.

VICKY BAJAJ

# ਰਜਿਸਟਰਡ ਡਾਕ ਰਾਹੀਂ

## ਦਫ਼ਤਰ ਜਿਲ੍ਹਾ ਟਰਾਂਸਪੋਰਟ ਅਫਸਰ,ਫਿਰੋਜ਼ਪੁਰ

ਵੱਲ:

ਵਿੱਕੀ ਬਜਾਜ ਪੁੱਤਰ ਸ੍ਰੀ ਕੇ.ਐਲ ਬਜਾਜ,
51, ਵਿਕਾਸ ਵਿਹਾਰ, ਫੇਸ-1 ਫਿਰੋਜ਼ਪੁਰ।
ਸ਼ਹਿਰ-152002.

ਪੱਤਰ ਨੰ:ਡੀ.ਟੀ.ਓ/ਫਿਰੋਜ਼ਪੁਰ/ 456 /ਮਿਤੀ: 20-05-2016

ਵਿਸ਼ਾ: ਆਰ.ਟੀ.ਆਈ ਐਕਟ 2005 ਤਹਿਤ ਸੂਚਨਾਂ ਮਹੁੱਈਆ ਕਰਾਉਣ ਬਾਰੇ।
(ਪੋਸਟਲ ਆਰਡਰ ਨੰ: 31 ਐਫ 357941)

ਆਪ ਵੱਲੋਂ ਸੂਚਨਾ ਅਧਿਕਾਰ ਐਕਟ 2005 ਅਧੀਨ ਮਿਤੀ 23-04-2016 ਦੀ ਦਰਖਾਸਤ ਸੰਬੰਧੀ ਸੂਚਿਤ ਕੀਤਾ ਜਾਂਦਾ ਹੈ:-

1. ਨੁਕਤਾ ਨੰਬਰ 1 ਅਧੀਨ ਮੰਗੀ ਗਈ ਸੂਚਨਾ ਦੇ ਸੰਬੰਧ ਵਿੱਚ ਪੰਜਾਬ ਸਟੇਟ ਟਰਾਂਸਪੋਰਟ ਸੋਸਾਇਟੀ ਦੇ ਕਰਮਚਾਰੀ ਗੁਰਪ੍ਰੀਤ ਸਿੰਘ ਅਤੇ ਸ਼ਿਵ ਕੁਮਾਰ ਦੇ ਤਾਇਨਾਤੀ ਦੇ ਹੁਕਮਾਂ ਦੀ ਫ਼ੋਟੋ ਕਾਪੀ ਪ੍ਰਦਾਨ ਕੀਤੀ ਜਾਂਦੀ ਹੈ ।
2. ਨੁਕਤਾ ਨੰਬਰ 2 ਤੇ 5 ਦੇ ਸੰਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਮੰਗੇ ਗਏ ਦਸਤਾਵੇਜ਼ਾ ਦੀ ਸੰਖਿਆ ਬਹੁਤ ਜਿਆਦਾ ਹੈ, ਜਿਨ੍ਹਾਂ ਦੀ ਗਿਣਤੀ ਕਰਨ ਵਿੱਚ ਹੀ ਦਫ਼ਤਰ ਦਾ ਬਹੁਮੁੱਲਾ ਸਮਾਂ ਜਾਇਆ ਹੋ ਸਕਦਾ ਹੈ। ਜੇਕਰ ਆਪ ਨੂੰ ਕਿਸੇ ਖਾਸ ਦਸਤਾਵੇਜ਼ ਦੀ ਲੋੜ ਹੈ ਤਾ ਉਸ ਦੀ ਫੋਟੋ ਕਾਪੀ ਪ੍ਰਦਾਨ ਕਰ ਦਿੱਤੀ ਜਾਵੇਗੀ।
3. ਨੁਕਤਾ ਨੰਬਰ 3 ਸੰਬੰਧੀ ਲਿਖਿਆ ਜਾਂਦਾ ਹੈ ਕਿ ਜਿਲ੍ਹਾ ਟਰਾਂਸਪੋਰਟ ਦਫ਼ਤਰ, ਫਿਰੋਜ਼ਪੁਰ ਵਿਖੇ ਕਿਸੇ ਵੀ ਕਲਰਕ ਦੇ ਕਮਰੇ ਵਿੱਚ ਜੁਲਾਈ 2014 ਤੋ ਬਾਅਦ ਕੋਈ ਵੀ ਪ੍ਰਾਈਵੇਟ ਵਿਅਕਤੀ ਕੰਮ ਨਹੀ ਕਰ ਰਿਹਾ ਹੈ। ਦਫਤਰ ਵਿੱਚ ਨਿਯੁਕਤ ਪੁਰਾਣੇ ਕਰਮਚਾਰੀਆਂ ਨੇ ਦੱਸਿਆ ਹੈ ਕਿ ਜੂਨ 2014 ਤੋ ਪਹਿਲਾ ਇਸ ਦਫ਼ਤਰ ਵਿੱਚ ਨਿਯੁਕਤ ਕਲਰਕਾਂ ਦੇ ਕਮਰਿਆਂ ਵਿੱਚ ਵਿੱਕੀ ਬਜਾਜ ਨਾਮ ਦਾ ਪ੍ਰਾਈਵੇਟ ਵਿਅਕਤੀ ਕੰਮ ਕਰ ਰਿਹਾ ਸੀ। ਜੁਲਾਈ 2014 ਤੋ ਬਾਅਦ ਇਸ ਦਫ਼ਤਰ ਦੇ ਕਿਸੇ ਵੀ ਕਲਰਕ ਦੇ ਕਮਰੇ ਵਿੱਚ ਕੋਈ ਵੀ ਪ੍ਰਾਈਵੇਟ ਵਿਅਕਤੀ ਕੰਮ ਨਹੀਂ ਕਰਦਾ ਹੈ।
4. ਨੁਕਤਾ ਨੰਬਰ 6 ਸਰਕਾਰ ਦੇ ਖਜ਼ਾਨੇ ਅਤੇ ਪੰਜਾਬ ਸਟੇਟ ਟਰਾਂਸਪੋਰਟ ਸੋਸਾਇਟੀ ਦੇ ਬੈਂਕ ਦੇ ਖਾਤੇ ਨਾਲ ਸਬੰਧ ਰੱਖਦਾ ਹੈ । ਜਿਸਦੀ ਸਰਕਾਰ ਵੱਲੋਂ ਹਰ ਸਾਲ ਆਡਿਟ ਕੀਤੀ ਜਾਂਦੀ ਹੈ ।
5. ਨੁਕਤਾ ਨੰਬਰ 7 ਅਧੀਨ ਮੰਗੀ ਗਈ ਸੂਚਨਾ ਦੇ ਸੰਬੰਧ ਵਿੱਚ ਸਟੇਟ ਟਰਾਂਸਪੋਰਟ ਕਮਿਸ਼ਨਰਵੱਲੋਂ ਪੱਤਰ ਨੰਬਰ PSTS/20500-577 ਮਿਤੀ 05-05-2016 ਦੀ ਫ਼ੋਟੋ ਕਾਪੀ ਆਪ ਨੂੰ ਭੇਜੀ ਜਾਂਦੀ ਹੈ ।

ਜਿਲ੍ਹਾ ਟਰਾਂਸਪੋਰਟ ਅਫਸਰ,
ਫਿਰੋਜ਼ਪੁਰ।